Punjab Government Gazette

Published by Authority

No. 23] CHANDIGARH, FRIDAY, JUNE 5, 2026 (JYAISTHA 15 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ

(ਇਮਾਰਤਾਂ ਤੇ ਸੜਕਾਂ-2 ਸ਼ਾਖਾ)

ਹੁਕਮ

ਮਿਤੀ 30 ਅਪ੍ਰੈਲ, 2026

ਨੰ:WSSD-BR203/5/2026-6BR2/1382204.-ਸ਼੍ਰੀ ਹਰਿੰਦਰ ਸਿੰਘ,ਉਪ ਮੰਡਲ ਇੰਜੀਨੀਅਰ (ਕੋਡ ਨੰਬਰ 898/1296) (iHrms Code 198950), ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਮੋੜ ਦੀ 58 ਸਾਲ ਦੀ ਉਮਰ ਪੂਰੀ ਹੋਣ ਤੇ ਅਧਿਕਾਰੀ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26 (a) (i) ਅਤੇ 3.26 (d) ਅਧੀਨ ਮਿਤੀ 30.04.2026 ਤੋਂ ਸਰਕਾਰੀ ਸੇਵਾ ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

2. ਇਸ ਤੋਂ ਇਲਾਵਾ ਅਧਿਕਾਰੀ ਵਿਰੁੱਧ ਜੇਕਰ ਕੋਈ ਕ੍ਰੀਮੀਨਲ, ਸਿਵਲ ਕੇਸ, ਵਿਜੀਲੈਂਸ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਦਾ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਭਾਗ 2 ਦੇ ਨਿਯਮ 2.2 (ਬੀ) ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

3. ਅਧਿਕਾਰੀ ਦੀ ਰਿਟਾਇਰਮੈਂਟ ਉਪਰੰਤ ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਮੋੜ ਦਾ ਵਾਧੂ ਚਾਰਜ ਇੰਜ,ਜਗਦੀਪ ਸਿੰਘ, ਉਪ ਮੰਡਲ ਇੰਜੀਨੀਅਰ, ਜਸਸ ਉਪ ਮੰਡਲ ਨੰ. 2, ਬਠਿੰਡਾ ਅਤੇ ਵਾਧੂ ਚਾਰਜ ਉਪ ਮੰਡਲ ਭਗਤਾ ਭਾਈਕਾ (ਐਟ ਬਠਿੰਡਾ) ਨੂੰ ਦਿੱਤਾ ਜਾਂਦਾ ਹੈ। ਇਸ ਵਾਧੂ ਚਾਰਜ ਦੇ ਬਦਲੇ ਅਧਿਕਾਰੀ ਨੂੰ ਕੋਈ ਵੀ ਵਾਧੂ ਵਿੱਤੀ ਲਾਭ ਮਿਲਣਯੋਗ ਨਹੀਂ ਹੋਣਗੇ।

ਨੀਲਕੰਠ ਐਸ. ਆਵ੍ਹਾਡ, ਆਈ.ਏ.ਐਸ.

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ

3735/6-2026/Pb. Govt. Press, S.A.S. Nagar